ਅਧਿਆਇ ਪੰਜਵਾਂ

# ਗੁਰਦੁਆਰਾ ਬਾਬੇ ਦੀ ਬਰ ਸਿਆਲਕੋਟ

ਬਾਬੇ ਦੀ ਬੇਰ, ਸਿਆਲਕੋਟ ਪਹਿਲਾ ਗੁਰਦੁਆਰਾ ਸੀ ਜਿਸ ਦਾ ਸੁਧਾਰ ਕੀਤਾ ਗਿਆ । ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਆਲਕੋਟ ਆਏ, ਆਪ ਇਕ ਬੇਰੀ ਦੇ ਦਰਖਤ ਦੇ ਨੀਚੇ ਬੈਠੇ ਸੀ । ਇਸ ਅਸਥਾਨ ਦੇ ਪਾਸ ਹੀ ਮੁਸਲਮਾਨ ਫਕੀਰ ਹਮਜ਼ਾ ਗੌਸ ਦਾ ਹੁਜਰਾ ਸੀ । ਗੁਰੂ ਜੀ ਦੇ ਉਪਦੇਸ਼ ਸਦਕਾ ਉਸ ਨੇ ਤਪ, ਜ਼ੁਹਦ ਅਤੇ ਕਰਾਮਾਤਾਂ ਛਡ ਦਿਤੀਆਂ ਅਤੇ ਖਿਮਾ, ਧੀਰਜ , ਸਹਿਨ ਸ਼ੀਲਤਾ ਅਤੇ ਇਕ ਵਾਹਿਗੁਰੂ ਦਾ ਨਾ ਜਪਣ ਦੇ ਮਹਾਨ ਗੁਣ ਅਪਣਾਏ । ਇਸ ਬੇਰੀ ਦੇ ਦਰਖਤ ਦੇ ਨੀਚੇ ਗੁਰੂ ਜੀ ਬੈਠ ਸਨ,' ਉਸ ਦਾ ਨਾਂ ਬਾਬੇ ਦੀ ਬੇਰ' ਕਰਕੇ ਪ੍ਰਸਿੱਧ ਹੋਇਆ । ਇਥੇ ਇਕ ਗੁਰਦੁਆਰਾ ਬਣਾਇਆ ਗਿਆ ।

ਸਰਦਾਰ ਨਥਾ ਸਿੰਘ ਸ਼ਹੀਦ ਨੇ ਗੁਰਦੁਆਰਾ ਸਾਹਿਬ ਨੂੰ ਜਗੀਰ ਦਿੱਤੀ । ਮਹਾਰਾਜ ਰਣਜੀਤ ਸਿੰਘ ਨੇ ਇਸ ਜਗੀਰ ਵਿੱਚ ਵਾਧਾ ਕੀਤਾ । ਪੰਜਾਬ ਰਾਜ ਦੇ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰਨ ਪਿੱਛੋਂ ਅੰਗਰੇਜ਼ੀ ਸਰਕਾਰ ਨੇ ਗ੍ਰੰਥੀਆਂ ਨੂੰ ਗੁਜਾਰੇ ਲਈ ਅਤੇ ਗੁਰਦੁਆਰੇ ਦੀ ਮੁਰੰਮਤ ਲਈ ਜਾਗੀਰ ਜਾਰੀ ਰੱਖੀ । ਅੰਗ੍ਰੇਜੀ ਸਰਕਾਰ ਨੇ ਸ਼ਰਤ ਲਗਾਈ ਕਿ ਗੁਰਦੁਆਰੇ ਦੇ ਮੈਨੇਜਰ ਦਾ ਆਚਰਣ ਚੰਗਾ ਹੋਣਾ ਚਾਹੀਦਾ ਹੈ । ਸੰਨ 1853 ਵਿੱਚ ਰਾਜਾ ਤੇਜ ਸਿੰਘ ਦੇ ਸਾਹਮਣੇ ਸਿੱਖ ਸੰਗਤ ਅਤੇ ਪੁਜਾਰੀਆਂ ਵਿਚਕਾਰ ਇਕ ਸਮਝੌਤਾ ਹੋਇਆ । ਕੜਾਹ ਪ੍ਰਸ਼ਾਦ , ਲੰਗਰ, ਧੂਪ ਦੀਪ ਤੇ ਸੇਵਾਦਾਰਾਂ ਦੇ ਗੁਜਾਰੇ ਲਈ 5000 ਰੁਪਏ ਦੀ ਜਗੀਰ ਦੀ ਵੰਡ ਕੀਤੀ ਗਈ ।

ਸੰਨ 1861 ਵਿੱਚ ਕੋਟਲੀ ਫਕੀਰ ਚੰਦ ਦੇ ਬਾਬਾ ਮਹਿਤਾਬ ਸਿੰਘ ਨੇ ਮੈਨੇਜਰ ਅਤੇ ਪੁਜਾਰੀਆਂ ਵਿਚਕਾਰ ਰੁਪਏ ਦੀ ਵੰਡ ਸੰਬੰਧੀ ਝਗੜੇ ਦਾ ਫੈਸਲਾ ਕੀਤਾ । ਬਾਬਾ ਦੇ ਰੂਬਰੂ ਦੋਨੋ ਪਾਰਟੀਆਂ ਨੇ ਇਕ ਇਕਰਾਰ ਨਾਮੇ ਤੇ ਹਸਤਾਖਰ ਕੀਤੇ ਜਿਸ ਦੇ ਅਨੁਸਾਰ ਜਗੀਰ ਦੀ ਆਮਦਨੀ ਨੂੰ ਖਰਚ ਕਰਨਾ ਸੀ । ਲੰਗਰ ਦੇ 1440 ਰੁਪਏ, ਵੇਤਨ 404 ਰੁਪਏ, ਜ਼ਰੀ ਟੈਕਸ 200 ਰੁਪਏ, ਤੇ ਮੁਰੰਮਤ ਆਦਿ ਦੇ 932 ਰੁਪਏ 2 ਆਨੇ ਦਾ ਖਰਚਾ ਨਿਰਧਾਰਤ ਕੀਤਾ ਗਿਆ । ਕੁਲ ਖਰਚਾ 2976 ਰੁਪਏ 2 ਆਨੇ ਹੋਣਾ ਸੀ ।[1]

ਗੁਰਦੁਆਰਾ ਸਾਹਿਬ ਵਿਖੇ ਲੰਗਰ ਦਾ ਚੰਗਾ ਪ੍ਰਬੰਧ ਸੀ । ਮਿਸਟਰ ਬਨਬਰੀ, ਏ: ਸੀ ਸਿਆਲਕੋਟ ਨੇ 1891 ਵਿੱਚ ਰਿਪੋਰਟ ਕੀਤੀ, 'ਬਾਬੇ ਕੀ ਬੇਰ ਸਾਹਿਬ ਵਿੱਚ ਇਕ ਲੰਗਰ ਹੈ, ਜਿਥੇ ਹਰ ਕਿਸੀ ਨੂੰ ਦਿਨ ਵਿੱਚ ਦੋ ਵਾਰੀ ਭੋਜਨ ਮਿਲਦਾ ਹੈ । ਇਹ ਸੰਸਥਾ ਦੀ ਮੁੱਖ ਵਿਸ਼ੇਸ਼ਤਾ ਹੈ ਅਤੇ ਭੋਜਨ ਵੰਡਣ ਵੇਲੇ ਕਿਸੀ ਸ਼੍ਰੇਣੀ, ਕਬੀਲੇ ਜਾਂ ਜਾਤ ਦਾ ਭੇਦ ਨਹੀਂ ਰੱਖਿਆ ਜਾਂਦਾ । ਸਿੱਖ, ਹਿੰਦੂ ਅਤੇ ਮੁਸਲਮਾਨਾਂ ਨਾਲ ਇਕੋ ਤਰ੍ਹਾਂ ਦਾ ਸਲੂਕ ਕੀਤਾ ਜਾਦਾ ਹੈ ।' ਰਿਪੋਰਟ ਵਿੱਚ ਗੁਰਦੁਆਰਾ ਸਾਹਿਬ ਦੀ ਮੁਰੰਮਤ, ਦਾਨ ਅਤੇ ਗਰੀਬਾਂ ਨੂੰ ਵਸਤਰ ਦੇਣ ਦੇ ਖਰਚੇ ਬਾਰੇ ਭੀ ਦਰਜ ਹੈ । ਪ੍ਰਿਸੀਪਲ ਤੇਜਾ ਸਿੰਘ ਲਿਖਦੇ ਹਨ ਕਿ ਮਹੰਤ ਦੀ ਸਦਾ ਨਿਯੁਕਤੀ ਸਿੱਖ ਸੰਗਤ ਦੀ ਮਨਜ਼ੂਰੀ ਨਾਲ ਹੁੰਦੀ ਸੀ ।[2]

ਸੰਨ 1885 ਵਿੱਚ ਭਾਈ ਨਿਹਾਲ ਸਿੰਘ ਨੇ ਸਿੱਖ ਸੰਗਤ ਦੀ ਮੰਜ਼ੂਰੀ ਨਾਲ ਭਾਈ ਪ੍ਰੇਮ ਸਿੰਘ ਨੂੰ ਆਪਣੀ ਥਾਂ ਮਹੰਤ ਨਿਯੁਕਤ ਕੀਤਾ । ਜਦੋਂ ਕਿਸੀ ਨੇ ਮਹੰਤ ਪ੍ਰੇਮ ਸਿੰਘ ਦੀ ਵਿਰੁਧ ਗੁਰਦੁਆਰੇ ਦੀ ਮਹੰਤੀ ਲਈ ਸੰਨ 1890 ਵਿੱਚ ਦਾਵਾ ਕੀਤਾ, ਤਾਂ ਮਹੰਤ ਪ੍ਰੇਮ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੱਤਾ ਕਿ ਮਹੰਤ ਦੀ ਨਿਯੁਕਤੀ ਉਸ ਦੇ ਇਖਤਿਆਰ ਵਿੱਚ ਨਹੀਂ ਅਤੇ ਨਾ ਹੀ ਇਹ ਜੱਦੀ ਹੈ । ਮਹੰਤੀ ਦੀ ਨਿਯੁਕਤੀ ਸਿੱਖ ਸੰਗਤ ਦੀ ਮਨਜ਼ੂਰੀ ਨਾਲ ਹੁੰਦੀ ਹੈ । ਆਪਣੀ ਨਿਯੁਕਤੀ ਬਾਰੇ ਉਸ ਨੇ ਕਿਹਾ ਕਿ ਉਸ ਦੀ ਨਿਯੁਕਤੀ ਸਿਆਲਕੋਟ ਦੀ ਸੰਗਤ,

ਡਿਪਟੀ ਕਮਿਸ਼ਨਰ, ਛਾਉਣੀ ਮੈਜਿਸਟਰੇਟ ਅਤੇ ਅਮਲਾ, ਮਹੰਤ ਨਿਹਾਲ ਸਿੰਘ ਅਤੇ ਗੁਰਦੁਆਰੇ ਦੇ ਪੁਜਾਰਿਆਂ ਦੀ ਸਹਿਮਤੀ ਨਾਲ ਹੋਈ ਹੈ ।

ਜਥੇਦਾਰ ਕਰਤਾਰ ਸਿੰਘ ਝੱਬਰ ਲਿਖਦੇ ਹਨ ਕਿ ਬਾਬੇ ਦੀ ਬੇਰ ਗੁਰਦੁਆਰਾ ਦੇ ਅੰਗਰੇਜੀ ਜ਼ਮਾਨੇ ਦੇ ਮਹੰਤਾਂ ਵਿੱਚੋਂ ਪ੍ਰੇਮ ਸਿੰਘ ਸਭ ਤੋਂ ਅੱਛਾ ਮਹੰਤ ਸੀ । ਆਪਣੇ ਸਮੇਂ ਵਿੱਚ ਮਹੰਤ ਜੀ ਗੁਰਦੁਆਰੇ ਦਾ ਪ੍ਰਬੰਧ ਅਤੇ ਗੁਰੂ ਦਾ ਲੰਗਰ ਬੜੀ ਚੰਗੀ ਤਰ੍ਹਾਂ ਚਲਾਂਦੇ ਸਨ । ਗਿਆਨੀ ਗਿਆਨ ਸਿੰਘ ਦੀ ਤਵਾਰੀਖ ਗੁਰੂ ਖਾਲਸਾ ਲਿਖਣ ਵਿੱਚ ਮਹੰਤ ਜੀ ਨੇ ਬੜੀ ਸਹਾਇਤਾ ਕੀਤੀ ।3 ਭਗਤ ਲਕਸ਼ਮਨ ਸਿੰਘ ਲਿਖਦੇ ਹਨ ਕਿ ਅੰਮ੍ਰਿਤਸਰ ਵਿਖੇ ਮੈਕਾਲਿਫ ਸਾਹਿਬ ਦੇ ਬੰਗਲੇ ਤੇ ਉਨ੍ਹਾਂ ਨੇ ਉਸ ਸਮੇਂ ਦੇ ਬਹੁਤ ਵੱਡੇ ਵਿਦਵਾਨ ਗਿਆਨੀਆਂ ਨੂੰ ਦੇਖਿਆ । ਉਹ ਮਹਾਨ ਸਿੱਖ ਵਿਦਵਾਨ ਸਨ, ਅੰਮ੍ਰਿਤਸਰ ਦੇ ਗਿਆਨੀ ਸਰਦੂਲ ਸਿੰਘ, ਭਾਈ ਹਜ਼ਾਰਾ ਸਿੰਘ, ਸਿਆਲਕੋਟ ਦੇ ਮਹੰਤ ਪ੍ਰੇਮ ਸਿੰਘ ਅਤੇ ਫੀਰਦਕੋਟ ਦੇ ਗਿਆਨੀ ਬਦਨ ਸਿੰਘ। ਮੈਕਾਲਿਫ ਆਪਣੀ ਲਿਖਤ ਬਾਰੇ ਇਨ੍ਹਾਂ ਵਿਦਵਾਨਾਂ ਦੀ ਰਾਇ ਲੈਂਦਾ ਹੈ ।4 ਮਹਾਨ ਵਿਦਵਾਨ ਪ੍ਰੇਮ ਸਿੰਘ ਦੇ ਮਰਨ ਪਿੱਛੋਂ ਉਨ੍ਹਾਂ ਦਾ ਪੁੱਤਰ ਹਰਨਾਮ ਸਿੰਘ ਮਹੰਤ ਬਣਿਆ । ਹਰਨਾਮ ਸਿੰਘ ਆਪਣਾ ਉਤਰਾਧਿਕਾਰੀ ਮਹੰਤ ਪ੍ਰੇਮ ਸਿੰਘ ਨੇ ਸਿਆਲਕੋਟ ਦੀ ਸਿੱਖ ਸੰਗਤ ਦੀ ਮਨਜ਼ੂਰੀ ਨਾਲ ਨਿਯੁਕਤ ਕੀਤਾ ਸੀ ।

ਮਹੰਤ ਹਰਨਾਮ ਸਿੰਘ ਨੂੰ ਆਮਦਨੀ ਬਹੁਤ ਸੀ । ਉਹ ਵਿਸ਼ੇ ਵਿਕਾਰਾਂ ਵਿੱਚ ਲੀਨ ਹੋ ਗਿਆ । ਉਸ ਦੀ ਮੌਤ ਜੁਆਨੀ ਵਿੱਚ ਹੀ 26 ਸਤੰਬਰ, ਸੰਨ 1918 ਵਿੱਚ ਹੋਈ । ਮਹੰਤ ਦਾ ਇਕ ਹੀ ਲੜਕਾ ਸੀ । ਮਹੰਤਣੀ ਨਾ ਤਜਰਬੇਕਾਰ ਸੀ । ਉਸ ਦੀ ਉਮਰ ਭੀ ਛੋਟੀ ਹੀ ਸੀ । ਉਸ ਨੇ ਸਰਦਾਰ ਗੰਡਾ ਸਿੰਘ ਉਬਰਾਏ ਜੋ ਵਲੈਤ ਜਾ ਕੇ ਵਾਪਸ ਆ ਗਿਆ ਸੀ ਨੂੰ ਮੈਨੇਜਰ ਨਿਯੁਕਤ ਕੀਤਾ ਅਤੇ ਮਹੰਤ ਦੀ ਗੱਦੀ ਤੇ ਆਪਣੇ ਨਾਬਾਲਗ ਪੁੱਤਰ ਨੂੰ ਬੈਠਾ ਦਿੱਤਾ ।

ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀ ਪੁਸਤਕ ਵਿੱਚ ਗੁਰਦੁਆਰੇ ਦੇ ਮਹੰਤਾਂ ਦੀਆਂ ਬਦਕਾਰੀਆਂ ਬਾਰੇ ਵਿਸਤਾਰ ਨਾਲ ਲਿਖਿਆ ਹੈ । ਉਹ ਲਿਖਦੇ ਹਨ ਕਿ ਗੁਰਦੁਆਰੇ ਦੇ ਪ੍ਰਬੰਧ ਵਿੱਚ ਕੁਰੀਤੀਆਂ ਦੀ ਕਹਾਣੀ ਬੜੀ ਲੰਬੀ ਹੈ । ਇਸ ਦਾ ਕਾਰਨ ਸੀ ਕਿ ਮਹੰਤ ਗੁਰਦੁਆਰੇ ਨੂੰ ਸੰਪਤੀ ਨੂੰ ਆਪਣੀ ਸੰਪਤੀ ਸਮਝਣ ਲਗਾ ਸੀ । ਮਹੰਤ ਬਨਣ ਤੋਂ ਪਿੱਛੋ ਪ੍ਰੇਮ ਸਿੰਘ ਨੇ ਸੰਸਾਰਕ ਮਾਮਲਿਆਂ ਵਿੱਚ ਦਿਲਚਸਪੀ ਲੈਣੀ ਆਰੰਭ ਕਰ ਦਿੱਤੀ ਅਤੇ ਮਾਇਆ ਇਕਠੀ ਕਰਨੀ ਆਰੰਭ ਕਰ ਦਿੱਤੀ । ਉਹ ਮਾਇਆ ਦੇ ਜ਼ੋਰ ਤੇ ਆਪਣੇ ਵਿਰੁਧ ਸ਼ਿਕਾਇਤਾਂ ਦਖਲ ਦਫਤਰ ਕਰਾ ਦਿੱਤੀਆਂ ।

ਸੰਨ 1895 ਵਿੱਚ ਮਹੰਤ ਪ੍ਰੇਮ ਸਿੰਘ ਵਿਰੁਧ ਸਰਕਾਰ ਪਾਸ ਸ਼ਿਕਾਇਤ ਹੋਈ ਕਿ ਉਹ ਪੁਜਾਰੀਆਂ ਨੂੰ ਤਨਖਾਹ ਨਹੀਂ ਦਿੰਦਾ, ਗੁਰਦਵਾਰੇ ਦੀ ਜਾਇਦਾਦ ਦੇ ਗਲਤ ਕਬਜ਼ਾ ਕਰ ਰਿਹਾ ਹੈ ਅਤੇ ਉਸ ਤੋਂ ਗੁਰਦੁਆਰੇ ਦੀ ਆਮਦਨ ਖਰਚੇ ਦਾ ਹਿਸਾਬ ਮੰਗਿਆ ਜਾਵੇ । ਮਹੰਤ ਨੇ ਇਨਕੁਆਇਰੀ ਅਫਸਰ ਸਾਮ੍ਹਣੇ ਮੰਨਿਆ ਕਿ ਅੰਕ ਪੁਲ ਦੇ ਪਾਸ ਬਾਗ ਉਹਦੇ ਨਾਂ ਤੇ ਹੈ ਕਿਉਂਕਿ ਉਹ ਮਹੰਤ ਹੈ ਪਰ ਪਹਿਲਾਂ ਇਹ ਜਾਇਦਾਦ ਗੁਰਦੁਆਰੇ ਦੀ ਸੀ । ਉਸ ਨੇ ਇਹ ਭੀ ਮੰਨਿਆ ਕਿ ਉਸ ਨੇ ਕੁਝ ਜ਼ਮੀਨ ਆਪਣੇ ਨਾਂ ਤੇ ਗੁਰਦੁਆਰੇ ਦੇ ਪੈਸੇ ਨਾਲ ਖਰੀਦੀ ਹੈ ਅਤੇ ਇਮਾਰਤ ਜਿਸ ਵਿੱਚ ਛਾਪਾਖਾਨਾ ਹੈ ਉਹ ਭੀ ਗੁਰਦੁਆਰੇ ਦੇ ਪੈਸੇ ਨਾਲ ਖਰੀਦੀ ਸੀ । ਇਨਕੁਆਇਰੀ ਪਿੱਛੋਂ ਕੁਲੈਕਟਰ ਨੇ ਫੈਸਲਾ ਦਿੱਤਾ ਕਿ ਉਹ ਗੁਰਦੁਆਰੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦੇ ਸਕਦਾ ਅਤੇ ਨਾ ਹੀ ਉਹ ਮਹੰਤ ਤੋ ਹਿਸਾਬ ਲੈ ਸਕਦਾ ਹੈ । ਉਸ ਨੇ ਅਦਾਲਤ ਵਿੱਚ ਜਾਣ ਲਈ ਬਿਨੈਕਾਰਾਂ ਨੂੰ ਕਿਹਾ ।

ਇਸੀ ਸਾਲ ਮਹੰਤ ਪ੍ਰੇਮ ਸਿੰਘ ਵਿਰੁਧ ਸੰਨ 1863 ਦੇ ਐਕਟ 2● ਦੀ ਧਾਰਾ 18 ਅਧੀਨ ਹਿਸਾਬ ਦਾ ਨਿਰੀਖਣ ਕਰਨ ਦਾ ਦੂਜਾ ਦਾਵਾ ਕੀਤਾ ਗਿਆ । ਮਹੰਤ ਨੇ ਡਿਸਟ੍ਰਿਕਟ ਜੱਜ ਦੇ ਸਾਹਮਣੇ ਬਿਆਨ ਦਿੱਤਾ ਕਿ ਉਸ ਨੂੰ ਗੁਰਦਵਾਰੇ ਦੀ ਆਮਦਨੀ ਨੂੰ ਆਪਣੀ ਮਰਜ਼ੀ ਨਾਲ ਖਰਚ ਕਰਨ ਦਾ ਅਧਿਕਾਰ ਹੈ । ਜੱਜ ਨੇ ਆਦੇਸ਼ ਦਿੱਤੇ ਕਿ ਦਫਾ 539 ਸੀ ਪੀ ਸੀ ਅਧੀਨ ਕੁਲੈਕਟਰ ਦੀ ਮਨਜੂਰੀ ਲਿਤੀ ਜਾਵੇ । ਕੁਲੈਕਟਰ ਨੇ ਮਨਜ਼ੂਰੀ ਦੇ ਦਿੱਤੀ ਅਤੇ ਸੰਨ 1896 ਵਿੱਚ ਇਕ ਮੁਕੱਦਮਾ ਦਾਇਰ ਕਰ ਦਿੱਤਾ ਗਿਆ ।

31 ਅਗਸਤ, 1897 ਨੂੰ ਡਿਸਟ੍ਰਿਕਟ ਜੱਜ ਨੇ ਫੈਸਲਾ ਦੇ ਦਿੱਤਾ। ਉਸ ਨੇ ਮਹੰਤ ਨੂੰ ਮਹੰਤੀ ਤੋਂ ਹਟਾਇਆ ਨਹੀਂ ਪਰ ਉਸ ਨੂੰ ਡਿਸਟ੍ਰਿਕਟ ਜਜ ਨੂੰ ਗੁਰਦੁਆਰੇ ਦੀ ਆਮਦਨੀ ਦਾ ਹਿਸਾਬ ਦੇਣ ਲਈ ਆਦੇਸ਼ ਦਿੱਤੇ। ਇਹ ਵੀ ਫੈਸਲਾ ਦਿੱਤਾ ਕਿ ਮਹੰਤ ਪ੍ਰੇਮ ਸਿੰਘ ਦੀ ਮੌਤ ਤੋਂ ਪਿੱਛੋਂ ਗੁਰਦੁਵਾਰੇ ਦੇ ਪ੍ਰਬੰਧ ਲਈ ਇਕ ਕਮੇਟੀ ਬਣਾਈ ਜਾਵੇ। ਮਹੰਤ ਨੇ ਸੈਸਨਜ਼ ਜੱਜ ਦੇ ਅਪੀਲ ਕਰ ਦਿੱਤੀ। ਸੈਸਨਜ਼ ਜੱਜ ਨੇ 18 ਅਪ੍ਰੈਲ 1898 ਨੂੰ ਫੈਸਲਾ ਦਿੱਤਾ ਕਿ ਪ੍ਰੇਮ ਸਿੰਘ ਮਹੰਤ ਦੀ ਆਸਾਮੀ ਦੇ ਅਯੋਗ ਹੈ ਅਤੇ ਉਸ ਨੂੰ ਮਹੰਤੀ ਦੋਂ ਹਟਾ ਦਿੱਤਾ। ਮਹੰਤ ਨੇ ਚੀਫ ਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ। ਚੀਫ ਕੋਰਟ ਨੇ ਦੋਨੋਂ ਅਦਾਲਤਾਂ ਦਾ ਫੈਸਲਾ ਰੱਦ ਕਰ ਦਿੱਤਾ।

ਪ੍ਰੇਮ ਸਿੰਘ ਦਾ ਉਤਰਾਧਿਕਾਰੀ ਮਹੰਤ ਹਰਨਾਮ ਸਿੰਘ ਪ੍ਰੇਮ ਸਿੰਘ ਨਾਲੋਂ ਵੀ ਬੁਰਾ ਸਾਬਤ ਹੋਇਆ। ਉਸ ਦੇ ਵਿਰੁਧ ਸਰਕਾਰ ਪਾਸ ਸ਼ਿਕਾਇਤਾਂ ਦਾ ਅਸਰ ਨਾ ਹੋਣ ਕਾਰਨ ਉਹ ਦਲੇਰ ਹੋ ਗਿਆ। ਜੁਲਾਈ 12907 ਵਿੱਚ ਸਿੰਘਾਂ ਨੇ ਇਹ ਸ਼ਿਕਾਇਤ ਕੀਤੀ ਕਿ ਮਹੰਤ ਬੁੰਗੇ ਦੀ ਠੀਕ ਤਰ੍ਹਾਂ ਦੇਖਭਾਲ ਨਹੀਂ ਕਰ ਰਿਹਾ। ਸਰਦਾਰ ਨਥਾ ਸਿੰਘ ਸ਼ਹੀਦ ਨੇ ਗੁਰਦੁਆਰੇ ਨੂੰ ਜਗੀਰ ਦਿੱਤੀ ਸੀ ਅਤੇ ਉਹ ਇਸ ਦਾ ਮੈਨੇਜਰ ਸੀ। ਇਨਕੁਆਇਰੀ ਤੋਂ ਪਿੱਛੋਂ ਤਹਿਸੀਲਦਾਰ ਨੇ ਮਹੰਤ ਨੂੰ ਜ਼ੁੰਮੇਵਾਰ ਠਹਿਰਾਇਆ ਅਤੇ ਰਿਪੋਰਟ ਕੀਤੀ ਕਿ ਮਹੰਤ ਲੰਗਰ ਨਹੀਂ ਚਲਾ ਰਿਹਾ ਅਤੇ ਨਾ ਉਸ ਨੇ ਆਮਦਨ ਖਰਚ ਦਾ ਕੋਈ ਹਿਸਾਬ ਰੱਖਿਆ ਹੋਇਆ ਹੈ। ਰੈਵਨੀਊ ਅਸਿਸਟੈਂਟ ਨੇ ਤਹਿਸੀਲਦਾਰ ਦੇ ਲਿਖੇ ਦੀ ਪੁਸ਼ਟੀ ਕੀਤੀ। 29 ਮਈ, 1908 ਨੂੰ ਡਿਪਟੀ ਕਮਿਸ਼ਨਰ ਨੇ ਇਹ ਲਿਖ ਕੇ ਮੁਕੱਦਮਾ ਦਾਖਲ ਦਫਤਰ ਕਰ ਦਿੱਤਾ ਕਿ ਉਸ ਨੇ ਮਹੰਤ ਨੂੰ ਆਦੇਸ਼ ਦੇ ਦਿੱਤੇ ਹਨ ਕਿ ਉਹ ਸ਼ਹੀਦ ਬੁੰਗੇ ਦੀ ਇਮਾਰਤ ਦੀ ਮੁਰੰਮਤ ਵੱਲ ਧਿਆਨ ਦੇਵੇ। ਸਤੰਬਰ 1907 ਵਿੱਚ ਮਹੰਤ ਵਿਰੁੱਧ ਇਕ ਹੋਰ ਬਿਨੈਪੱਤਰ ਦਿੱਤਾ ਗਿਆ ਸੀ। ਜਿਸ ਦੇ ਵਿੱਚ ਮਹੰਤ ਹਰਨਾਮ ਸਿੰਘ ਦੇ ਚਰਿਤ੍ਰ ਬਾਰੇ ਲਿਖਿਆ ਸੀ। ਉਸ ਦੇ ਵਿੱਚ ਇਹ ਭੀ ਲਿਖਿਆ ਸੀ ਕਿ ਮਹੰਤ ਗੁਰਦੁਆਰੇ ਦੀ ਠੀਕ ਤਰ੍ਹਾਂ ਦੇਖ ਭਾਲ ਨਹੀਂ ਕਰ ਰਿਹਾ ਐ ਗੁਰਦੁਆਰੇ ਦਾ ਬਾਹਰਲਾ ਭਾਗ ਮੁਰੰਮਤ ਨਾ ਹੋਣ ਕਰਕੇ ਗਿਰ ਰਿਹਾ ਸੀ। ਜਗੀਰ ਤੋਂ ਵਸੂਲ ਹੋਣ ਵਾਲਾ ਰੁਪਿਆ ਉਸ ਮਕਸਦ ਲਈ ਖਰਚ ਨਹੀਂ ਹੋ ਰਿਹਾ ਸੀ ਜਿਸ ਲਈ ਇਹ ਦਿੱਤਾ ਗਿਆ ਸੀ। ਡਿਪਟੀ ਕਮਿਸ਼ਨਰ ਨੇ ਬਿਨੈ-ਪੱਤਰ ਨੂੰ 4 ਅਕਤੂਬਰ 1907 ਨੂੰ 'ਦੇਖ ਲਿਆ' ਲਿਖ ਕੇ ਦਾਖਲ ਦਫਤਰ ਕਰ ਦਿੱਤਾ।

ਮਾਰਚ 1909 ਵਿੱਚ ਸਰਦਾਰ ਹਜ਼ੂਰਾ ਸਿੰਘ ਵਕੀਲ, ਸਰਦਾਰ ਕਪੂਰ ਸਿੰਘ ਬੀ ਏ ਅਤੇ ਕਈ ਹੋਰ ਸਜਨਾਂ ਨੇ ਲੈਫਟੀਨੈਂਟ ਗਵਰਨਰ ਨੂੰ ਬਿਨੈ ਪੱਤਰ ਪੇਸ਼ ਕੀਤਾ ਕਿ ਮਹੰਤ ਹਰਨਾਮ ਸਿੰਘ ਸ਼ਰਾਬ ਪੀਂਦਾ ਹੈ ਅਤੇ ਉਹ ਗੁਰਦੁਆਰੇ ਦੀ ਠੀਕ ਤਰ੍ਹਾਂ ਦੇਖ ਭਾਲ ਨਹੀਂ ਕਰ ਰਿਹਾ ਅਤੇ ਜਗੀਰ ਦੀ ਆਮਦਨੀ ਦਾ ਪ੍ਰਯੋਗ ਉਚਿਤ ਢੰਗ ਨਾਲ ਨਹੀਂ ਕੀਤਾ ਜਾਦਾ। ਲੈਫਟੀਨੈਂਟ ਗਵਰਨਰ ਨੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਨਿਪਟਾਰੇ ਲਈ ਭੇਜ ਦਿੱਤੀ।

ਸਰਕਾਰ ਨੂੰ ਇਕ ਦੂਜਾ ਬਿਨੈ-ਪੱਤਰ ਪੇਸ਼ ਕੀਤਾ ਗਿਆ। ਇਸ ਤੋਂ ਬਹੁਤ ਸਿੱਖਾਂ, ਜਿਨ੍ਹਾਂ ਵਿਚ ਗੰਡਾ ਸਿੰਘ ਵੀ ਸਨ, ਦੇ ਹਸਤਾਖਰ ਸਨ। ਇਸ ਵਿਚ ਪ੍ਰਬੰਧ ਲਈ ਇਕ ਕਮੇਟੀ ਬਨਾਉਣ ਲਈ ਬਿਨੈ ਕੀਤੀ ਗਈ ਸੀ। ਇਹ ਦੋਸ਼ ਲਗਾਇਆ ਗਿਆ ਸੀ ਕਿ ਮਹੰਤ ਗੁਰਦੁਆਰੇ ਦੀ ਆਮਦਨੀ ਦਾ ਨਿਜੀ ਅਤੇ ਗੈਰ-ਕਾਨੂੰਨੀ ਮਕਸਦਾਂ ਲਈ ਪ੍ਰਯੋਗ ਕਰਦਾ ਹੈ ਅਤੇ ਗੁਰਦੁਆਰੇ ਨੂੰ ਚੰਦਿਆਂ ਤੇ ਚਲਾਇਆ ਜਾਂਦਾ ਹੈ। ਮਾਰਚ 1910 ਵਿਚ ਤਹਿਸੀਲਦਾਰ ਨੇ ਰਿਪੋਰਟ ਕੀਤੀ ਕਿ ਮਹੰਤ ਰੁਪਏ ਦਾ ਆਪਣੀ ਅਯਾਸ਼ੀ ਲਈ ਪ੍ਰਯੋਗ ਕਰ ਰਿਹਾ ਹੈ। ਰੈਵਨੀਊ ਆਸਿਸਟੈਂਟ ਨੇ ਲਿਖਿਆ ਕਿ ਜਗੀਰ ਦੇਣ ਵੇਲੇ ਸ਼ਰਤਾਂ ਵਿਚ ਲੰਗਰ ਦਾ ਖਰਚ ਦਰਜ ਨਹੀਂ ਹੈ ਅਤੇ ਮਹੰਤ ਚਰਿਤ੍ਰ ਹੀਨ ਨਹੀਂ ਹੈ ਕਿਉਂਕਿ ਉਹ ਕੇਵਲ ਸ਼ਰਬ ਪੀਂਦਾ ਹੈ ਪਰ ਸ਼ਰਾਬੀ ਨਹੀਂ। ਉਸ ਨੇ ਮਹੰਤ ਨੂੰ ਚੇਤਾਵਨੀ ਦੇਣ ਦੀ ਤਜੀਵਜ਼ ਰਖੀ ਡਿਪਟੀ ਕਮਿਸ਼ਨਰ ਨੇ ਫੈਸਲਾ ਦਿਤਾ : 'ਮਹੰਤ ਨੂੰ ਆਖਿਆ ਜਾਵੇ ਕਿ ਉਹ ਸ਼ਰਾਬ ਪੀਣੀ ਛਡ ਦੇਵੇ ਉਹਦੇ ਚਿਹਰੇ ਤੇ ਬਹੁਤ ਜ਼ਿਆਦਾ ਪੀਣ ਦੇ ਚਿਨ੍ਹ ਨਜ਼ਰ ਆਉਂਦੇ ਹਨ।" ਗੁਰਦੁਆਰੇ ਦੇ ਮਹੰਤ ਨੂੰ ਹਟਾਇਆ ਨਹੀਂ। ਮਹੰਤ ਹਰਨਾਮ ਸਿੰਘ ਸਤੰਬਰ,1918 ਵਿਚ ਮਰ ਗਿਆ। ਮਹੰਤਨੀ ਨੇ ਆਪਣੇ ਪੁਤਰ ਗੁਰਚਰਨ ਸਿੰਘ ਨੂੰ ਮਹੰਤ ਨਿਯੁਕਤ ਕਰ ਦਿਤਾ ਭਾਵੇ ਉਸ ਦੀ ਨਿਯੁਕਤੀ ਦੀ ਮਨਜ਼ੂਰੀ ਸਿੱਖ ਸੰਗਤ ਨੇ ਨਹੀਂ ਦਿਤੀ ਸੀ। ਸਿਆਲਕੋਟ ਦੀ ਸਿੰਘ ਸਭਾ (ਖਾਲਸਾ ਦੀਵਾਨ) ਨੇ ਡਿਪਟੀ ਕਮਿਸ਼ਨਰ ਅਤੇ ਕੁਲੈਕਟਰ ਨੂੰ ਬਿਨੈ-

ਪੱਤਰ ਦਿਤਾ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਮੰਹਤ ਦੇ ਮਰਨ ਉਪਰਾਂਤ ਕੋਈ ਬਾਕਾਇਦਾ ਚੁਣਿਆ ਮਹੰਤ ਨਹੀਂ ਸੀ, ਗੁਰਦੁਆਰੇ ਦਾ ਪ੍ਰਬੰਧ ਇਕ ਕਮੇਟੀ ਦੇ ਸਪੁਰਦ ਕੀਤਾ ਜਾਵੇ ਜਿਸ ਦੀ ਬਣਤਰ ਇੰਞ ਹੋਵੇ:

- ਖਾਲਸਾ ਦੀਵਾਨ, ਸਿਆਲਕੋਟ 5 ਮੈਂਬਰਾਂ ਨੂੰ ਨਾਮਜ਼ਦ ਕਰੇ ।
- ਜ਼ਿਲੇ ਦੀਆਂ ਸਿੰਘ ਸਭਾਵਾਂ ਪੰਜ ਮੈਂਬਰ ਨਾਮਜ਼ਦ ਕਰਨ ਜਾਂ ਚੁਨਣ,ਹਰ ਇਕ ਤਹਿਸੀਲ ਵਿਚੋਂ ਇਕ ਦੋ ਮੈਂਬਰ ਸਿਆਲਕੋਟ ਸ਼ਹਿਰ ਤੋਂ ਚੁਣੇ ਜਾਣ, ਜਿਹੜੇ ਦੀਵਾਨ ਤੇ ਮੈਂਬਰ ਨਾ ਹੋਣ ।
- ਜ਼ਿਲੇ ਦੇ ਸਿੱਖ ਜਾਗੀਰਦਾਰਾਂ ਦੇ ਨਾਮਜ਼ਦ ਕੀਤੇ ਹੋਏ ਦੋ ਮੈਂਬਰ ।
- ਪੁਜਾਰੀ ਇਕ ਮੈਂਬਰ ਨੂੰ ਚੁਨਣ । ਮਹੰਤ ਨੂੰ ਭੀ ਮੈਂਬਰ ਹੋਣਾ ਚਾਹੀਦਾ ਹੈ । ਉਸਦੀ ਨਿਯੁਕਤੀ ਕਮੇਟੀ ਨੂੰ ਕਰਨੀ ਚਾਹੀਦੀ ਹੈ ਅਤੇ ਉਹ ਇਸ ਦੇ ਅਧੀਨ ਕੰਮ ਕਰੇ ।

ਐਕਸਟਰਾ ਅਸਿਸਟੈਂਟ ਕਮਿਸ਼ਨਰ ਇਸ ਦੀ ਇਨਕੁਆਇਰੀ ਕਰ ਹੀ ਰਿਹਾ ਸੀ ਕਿ ਮਹੰਤ ਦੀ ਵਿਧਵਾ ਨੇ ਇਕ ਪਤਤ ਸਿੱਖ ਗੰਡਾ ਸਿੰਘ ਨੂੰ ਗੁਰਦੁਆਰੇ ਦਾ ਮੈਨੇਜਰ ਨਿਯੁਕਤ ਕਰ ਦਿਤਾ । ਕੁਲ ਪੰਥ ਨੇ ਇਸ ਨਿਯੁਕਤੀ ਦਾ ਵਿਰੋਧ ਕੀਤਾ । ਸਾਰੀਆਂ ਮਹਤਵਪੂਰਣ ਸਿੰਘ ਸਭਾਵਾਂ ਨੇ ਲੈਫਟੀਨੈਂਟ ਗਵਰਨਰ, ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਨੂੰ ਤਾਰਾਂ ਦਿਤੀਆਂ । ਐਕਸਟ੍ਰਾ ਅਸਿਸਟੈਂਟ ਕਮਿਸ਼ਨਰ ਦੀ ਰਿਪੋਰਟ ਆਉਣ ਤੇ, ਕੁਲੈਕਟਰ ਨੇ ਮਹੰਤ ਦੇ ਨਾਬਾਲਗ ਪੁਤਰ ਦੇ ਨਾਂ ਜਾਇਦਾਦ ਦਾ ਇੰਤਕਾਲ ਕਰ ਦਿਤਾ ਸਿੱਖਾਂ ਵਲੋਂ ਬਿਨੈ-ਪੱਤਰ ਦਿਤਾ ਗਿਆ ਕਿ ਜਗੀਰ ਗੰਡਾ ਸਿੰਘ ਨੂੰ ਨਾ ਦਿਤੀ ਜਾਵੇ ਜਦੋਂ ਤਕ ਅਦਾਲਤ ਵਿਚ ਇਸ ਦਾ ਫੈਸਲਾ ਨਾ ਹੋ ਜਾਵੇ । ਕੁਲੇਕਟਰ ਨੇ ਇਸ ਬਿਨੈ-ਪੱਤਰ ਨੂੰ ਰਦ ਕਰ ਦਿਤਾ ।

ਕੁਲੈਕਟਰ ਦੀ ਮਨਜ਼ਰੀ ਲੈਣ ਤੋਂ ਪਿਛੋਂ, ਡਿਸਟ੍ਰਿਕਟ ਜਜ ਦੀ ਅਦਾਲਤ ਵਿਚ ਇਕ ਵਿਸ਼ੇਸ਼ ਅਰਜ਼ੀ ਦਿਤੀ ਗਈ ਕਿ ਮੁਕੱਦਮਾ ਪੰਡਤ ਕੁੰਦਰ ਲਾਲ ਸਬ ਜਜ ਦੀ ਅਦਾਲਤ ਵਿਚ ਨਾ ਲਗਾਇਆ ਜਾਵੇ ਕਿਉਂਕਿ ਉਹ ਸੁਧਾਰ ਪਾਰਟੀ ਦੇ ਕਈ ਮੈਂਬਰਾਂ ਵਿਰੁੱਧ ਲਿਖਤੀ ਤੌਰ ਤੇ ਆਪਣੀ ਰਾਇ ਪ੍ਰਗਟ ਕਰ ਚੁਕੇ ਹਨ । ਕੁਝ ਜਜਾਂ ਦੀਆਂ ਬਦਲੀਆਂ ਕਾਰਨ ਮੁਕੱਦਮਾ ਪੰਡਤ ਕੁੰਦਨ ਲਾਲ ਦੀ ਅਦਾਲਤ ਵਿਚ ਲਗ ਗਿਆ । ਮੁਕੱਦਮਾ ਕਰਨ ਵਾਲਿਆਂ ਨੇ ਮੁਕੱਦਮਾ ਕਿਸੀ ਹੋਰ ਅਦਾਲਤ ਵਿਚ ਬਦਲਣ ਲਈ ਬਿਨੈ ਪੱਤਰ ਦਿਤਾ, ਪਰ ਉਹ ਬਿਨੈ ਪੱਤਰ ਖਾਰਜ ਕਰ ਦਿਤਾ ਗਿਆ । ਉਨ੍ਹਾਂ ਨੇ ਹਾਈ ਕੋਰਟ ਵਿਚ ਮੁਕੱਦਮੇ ਦੀ ਪੰਡਤ ਕੁੰਦਨ ਲਾਲ ਦੀ ਅਦਾਲਤ ਤੋਂ ਕਿਸੀ ਹੋਰ ਅਦਾਲਤ ਵਿਚ ਬਦਲੀ ਲਈ ਅਰਜ਼ੀ ਦਿਤੀ ਅਤੇ ਪੰਡਤ ਕੁੰਦਨ ਲਾਲ ਦੀ ਅਦਾਲਤ ਵਿਚ ਇਕ ਅਰਜ਼ੀ ਦਿਤੀ ਕਿ ਉਹ ਹਾਈ ਕੋਰਟ ਦੇ ਫੈਸਲੇ ਤਕ ਮੁੱਕਦਮੇ ਤੇ ਅਗਲੀ ਕਾਰਵਾਈ ਨਾ ਕਰਨ । ਪੰਡਤ ਨੇ ਮੁੱਕਦਮੇ ਤੇ ਕਾਰਵਾਈ ਜਾਰੀ ਰਖੀ ਅਤੇ ਮੁਕੱਦਮਾ ਕਰਨ ਵਾਲਿਆਂ ਨੂੰ 2● ਅਗਸਤ, 192● ਨੂੰ ਆਦੇਸ਼ ਦਿਤਾ ਕਿ ਉਹ 3● ਅਗਸਤ, 192● ਤਕ 5●,●●● ਰੁਪਏ ਦੀ ਅਦਾਲਤੀ ਫੀਸ ਜਮਾਂ ਕਰਾਉਣ । ਸਤੰਬਰ ਦੀਆਂ ਛੁਟੀਆਂ ਕਾਰਨ ਇਹ ਮਿਤੀ 8 ਅਕਤੂਬਰ, 192● ਤਕ ਵਧਾ ਦਿਤੀ । ਮੁਕੱਦਮਾ ਦਾਇਰ ਕਰਨ ਵਾਲੇ ਖਾਲਸਾ ਦੀਵਾਨ ਦੇ ਮੈਂਬਰ ਲੜਕਿਆਂ ਲਈ ਹਾਈ ਸਕੂਲ ਅਤੇ ਲੜਕੀਆਂ ਲਈ ਮਿਡਲ ਸਕੂਲ ਚਲਾ ਰਹੇ ਸਨ। ਉਨ੍ਹਾਂ ਨੇ ਛੇਵੇਂ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਹਣੇ ਬਣਵਾਇਆ ਸੀ ਅਤੇ ਬਾਉਲੀ ਸਾਹਿਬ ਦਾ ਮੁਕੱਦਮਾ ਲੜ ਰਹੇ ਸਨ । ਉਹ ਲੋੜੀਂਦੀ ਅਦਾਲਤੀ ਫੀਸ ਜਮ੍ਹਾਂ ਨਾ ਕਰ ਸਕੇ ਅਤੇ ਮੁਕੱਦਮਾ ਖਾਰਜ ਕਰ ਦਿਤਾ ਗਿਆ ।[5]

ਸੋਹਨ ਸਿੰਘ ਜੋਸ਼ ਲਿਖਦੇ ਹਨ, "ਸਿੱਖ ਇਹ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸਨ ਕਿ ਉਹਨਾਂ ਦੇ ਗੁਰਦੁਆਰੇ ਉਤੇ ਇਕ ਸਿੱਖੀ-ਦੁਸ਼ਮਣ ਦਾ ਕਬਜਾ ਜੰਮਿਆ ਰਹੇ । ਗੰਡਾ ਸਿੰਘ ਦਾ ਸਰਬਰਾਹ ਬਣੇ ਰਹਿਣਾ ਸਿਖ ਧਰਮ ਦੀ ਬਅਦਬੀ , ਨਿਰਾਦਰੀ ਤੇ ਹੱਤਕ ਸੀ ਅਤੇ ਸਿਖਾਂ ਲਈ ਚੈਲਿੰਜ ।"[6] ਇਸ ਲਈ ਗੰਡਾ ਸਿੰਘ ਦੇ ਹਟਾਉਣ ਲਈ ਉਨ੍ਹਾਂ ਨੇ ਗੁਰਦੁਆਰਿਆਂ ਵਿਚ ਪਹਿਲਾਂ ਹਫਤੇ ਦੇ ਹਫਤੇ ਅਤੇ ਪਿਛੋਂ ਰੋਜ਼ ਗੁਰਦੁਆਰਿਆਂ ਵਿਚ ਕੀਰਤਨ ਕਰਨਾ ਆਰੰਭ ਕਰ ਦਿਤਾ । ਬਾਬੇ ਦੀ ਬੇਰ ਗੁਰਦੁਆਰੇ ਦੀ ਭੀ ਵਾਰੀ ਆਈ । ਇਕ ਜਥਾ ਅੰਮ੍ਰਿਤ ਵੇਲੇ ਗੁਰਦੁਆਰੇ ਕੀਰਤਨ ਕਰਨ ਲਈ ਗਿਆ , ਪਰ ਗੰਡਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਕੀਰਤਨ ਬੰਦ ਕਰਵਾ ਦਿਤਾ, ਹਥੋ-ਪਾਈ ਭੀ ਕੀਤੀ । ਥੋੜ੍ਹਾ ਸਮਾਂ ਕੀਰਤਨ ਕਰਨ ਪਿਛੋਂ ਜਥਾ ਵਾਪਸ ਹੋ ਗਿਆ । ਅਗਲੇ ਦਿਨ ਸਵੇਰੇ

ਕੀਰਤਨ ਜਥਾ ਫਿਰ ਕੀਰਤਨ ਲਈ ਗੁਰਦੁਆਰਾ ਸਾਹਿਬ ਵਿਖੇ ਆਇਆ । ਫਿਰ ਰੌਲਾ ਪੈ ਗਿਆ । ਗੰਡਾ ਸਿੰਘ ਨੇ ਅਦਾਲਤ ਵਿਚ ਦਫਾ 107 ਅਧੀਨ ਭਾਈ ਨਾਨਕ ਸਿੰਘ, ਜਵਾਹਰ ਸਿੰਘ , ਰਾਮ ਸਿੰਘ, ਭਾਗ ਸਿੰਘ ਅਤੇ ਮਹਾਂ ਸਿੰਘ ਦੇ ਵਿਰੁੱਧ ਮੁਕੱਦਮਾ ਦਾਇਰ ਕਰ ਦਿਤਾ । ਸ਼ਹਿਰ ਦੇ ਕਿਸੇ ਸਿੱਖ ਨੇ ਇਨ੍ਹਾਂ ਦੀ ਮੁਕੱਦਮੇ ਵਿਚ ਕੋਈ ਸਹਾਇਤਾ ਨਹੀਂ ਕੀਤੀ । ਇਨ੍ਹਾਂ ਦੀ ਕੋਈ ਪੇਸ਼ ਨਾ ਗਈ । ਮਜਬੂਰ ਹੋ ਕੇ ਭਾਈ ਨਾਨਕ ਸਿੰਘ, ਜਵਾਹਰ ਸਿੰਘ ਤਰਨ ਤਾਰਨ ਵਿਖੇ ਮਸਿਆ ਦੇ ਮੇਲੇ ਤੇ ਸੈਂਟਰਲ ਮਾਝਾ ਦੀਵਾਨ ਵਿਚ ਪੁਜੇ ਅਤੇ ਸੰਗਤ ਨੂੰ ਆਪਣੀ ਦੁਖ ਭਰੀ ਵਿਥਿਆ ਸੁਣਾਈ । ਸਰਦਾਰ ਜਸਵੰਤ ਸਿੰਘ ਝਬਾਲੀਆਂ ਵੀ ਸੰਗਤ ਦੇ ਵਿਚ ਸਨ ਅਤੇ ਸਾਰਿਆਂ ਨੇ ਸਰਦਾਰ ਸਾਹਿਬ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਸਿਆਲਕੋਟ ਜਾਣ । ਉਨ੍ਹਾਂ ਨੇ ਜਾਣ ਦਾ ਇਕਰਾਰ ਕੀਤਾ ਪਰ ਜਦੋਂ ਘਰ ਪਜੇ ਤਾਂ ਪਤਾ ਲਗਾ ਕਿ ਉਨ੍ਹਾਂ ਦੇ ਵਡੇ ਭਰਾ ਸਰਦਾਰ ਅਮਰ ਸਿੰਘ ਝੱਬਾਲ ਨੇ ਸਿਆਲਕੋਟ ਆਲੂਆਂ ਦੇ ਬੀਜ ਲੈਣ ਜਾਣਾ ਹੈ। ਇਸ ਲਈ ਸਰਦਾਰ ਅਮਰ ਸਿੰਘ ਉਨ੍ਹਾਂ ਦੀ ਥਾਂ ਤੇ ਸਿਆਲਕੋਟ ਪੁਜੇ । ਉਨ੍ਹਾਂ ਨੇ ਗੁਰਦੁਆਰੇ ਦੇ ਹਾਲਾਤ ਬਾਰੇ ਸਾਰੀ ਇਤਲਾਹ ਸੈਂਟਰਲ ਮਾਝਾ ਦੀਵਾਨ ਨੂੰ ਦਿਤੀ । ਪੰਜਾਹ ਸਿੰਘਾਂ ਦਾ ਜਥਾ ਜਿਸ ਦੀ ਅਗਵਾਈ ਭਾਈ ਤੇਜਾ ਸਿੰਘ ਭੁਚਰ ਕਰ ਰਹੇ ਸਨ ਸਿਆਲਕੋਟ ਪੁਜਾ । ਜਥੇ ਨੇ ਕਾਲੀਆਂ ਪਗਾਂ ਅਤੇ ਕਛਹਿਰੇ ਪਹਿਨੇ ਹੋਏ ਸਨ । ਉਨ੍ਹਾਂ ਦੇ ਹਥਾਂ ਵਿਚ ਸਫਾ ਜੰਗ ਸਨ । ਜਥੇ ਨੂੰ ਸ਼ੇਰ ਦੀ ਨੁਹਾਰ ਵਾਂਗ ਚਲਦਾ ਦੇਖ ਕੇ ਲੋਕੀਂ ਚਕਿਤ ਰਹਿਰ ਗਏ । ਜਥੇ ਦੇ ਦਰਸ਼ਨ ਕਰਨ ਲਈ 15-16 ਸੌ ਦਾ ਹਜੂਮ ਹੋ ਗਿਆ । ਇਹ ਸਾਰੇ ਜਲੂਸ ਦੀ ਸ਼ਕਲ ਵਿਚ ਕਚਹਿਰੀ ਪੁਜੇ । ਪੰਜ ਸਿੰਘ ਕਚਹਿਰੀ ਦੇ ਅੰਦਰ ਪੁਜੇ । ਮੈਜਿਸਟਰੇਟ ਦਾ ਆਦੇਸ਼ ਨਾ ਮੰਨਦੇ ਹੋਏ ਸਿੰਘਾਂ ਨੇ ਹਾਜ਼ਰ ਜਮਾਨਤ ਦੇਣ ਤੋਂ ਇਨਕਾਰ ਕਰ ਦਿਤਾ । ਉਨ੍ਹਾਂ ਨੇ ਮੁਚੱਲਕੇ ਲੋੜ ਹੋਵੇਗੀ ਉਨ੍ਹਾਂ ਨੂੰ ਬੁਲਾ ਲਿਆ ਜਾਵੇਗਾ । ਕਚਹਿਰੀ ਤੋਂ ਆਉਣ ਤੋਂ ਪਿਛੋਂ ਸਰਦਾਰ ਅਮਰ ਸਿੰਘ ਆਲੂਆਂ ਦੇ ਬੀਜ ਲੈ ਕੇ ਵਾਪਸ ਚਲੇ ਗਏ । ਭਾਈ ਤੇਜਾ ਸਿੰਘ ਭੁਚਰ ਜਥੇ ਨਾਲ ਗੁਰਦੁਆਰਾ ਬਾਬੇ ਦੀ ਬੇਰ ਦੇ ਦਰਸ਼ਨ ਕਰਨ ਲਈ ਗਏ । ਉਨ੍ਹਾਂ ਨੇ ਇਕ ਚੁਬਾਰੇ ਵਿਚ ਡੇਰਾ ਕੀਤਾ । ਸਵੇਰੇ ਗੰਡਾ ਸਿੰਘ ਮੈਨੇਜਰ ਦੀ ਬਿਨੈ ਤੇ ਪੁਲਿਸ ਕਪਤਾਨ ਨੇ ਪੁਲਿਸ ਦੀ ਗਾਰਦ ਇਕ ਥਾਣੇਦਾਰ ਅਤੇ ਇਨਸਪੈਕਟਰ ਸਮੇਤ ਗੁਰਦੁਆਰਾ ਸਾਹਿਬ ਵਿਖੇ ਭੇਜੀ। ਕੁਦਰਤੀ ਉਸ ਵੇਲੇ ਸਿਆਲਕੋਟ ਛਾਉਣੀ ਵਿਚੋਂ ਸਿੰਘਾਂ ਦਾ ਰਸਾਲਾ ਘੋੜੇ ਫੇਰਨ ਆਇਆ ਹੋਇਆ ਸੀ । ਪੁਲਿਸੀਆਂ ਨੇ ਸਮਝਿਆ ਕਿ ਉਹ ਜਥੇ ਦੀ ਸਹਾਇਤਾ ਨੂੰ ਆ ਰਹੇ ਹਨ । ਇਸ ਲਈ ਉਹ ਚਲੇ ਗਏ । ਜਥੇਦਾਰ ਭੁਚਰ ਨੇ ਧਾਰੋਵਾਲੀ ਦੀਵਾਨ ਵਿਚ ਝੱਬਰ ਨੂੰ ਤਾਰ ਦੇ ਦਿਤੀ । ਜਥੇਦਾਰ ਝੱਬਰ ਜਥੇ ਨਾਲ ਅਗਲੇ ਦਿਨ ਸਿਆਲਕੋਟ ਪੁਜ ਗਏ ।

ਰਾਤ ਨੂੰ ਜਥੇ ਨੇ ਲੰਗਰ ਵਿਚੋਂ ਰਸਦ ਲੈ ਕੇ ਆਪਣਾ ਲੰਗਰ ਪਕਾਇਆ ਅਤੇ ਰਾਤ ਆਰਾਮ ਨਾਲ ਗੁਜਾਰੀ । ਸਵੇਰੇ ਸਿਆਲਕੋਟ ਦੇ ਕੀਰਤਨੀ ਜਥੇ ਨੇ ਰੱਜ ਕੇ ਕੀਰਤਨ ਕੀਤਾ । ਰਾਤ ਨੂੰ ਜਥੇ ਦੀ ਗਿਣਤੀ 300 ਦੇ ਲਗ ਭਗ ਹੋ ਗਈ ਸੀ । ਅਗਲੇ ਦਿਨ ਜਥੇਦਾਰ ਝੱਬਰ ਨੇ ਲੰਗਰ ਤੇ ਸਟੋਰ ਦੇ ਤਿੰਨ ਜੰਦਰੇ ਤੋੜ ਦਿਤੇ ਅਤ ਲੰਗਰ ਤੇ ਕਬਜਾ ਕਰ ਲਿਆ । ਝੱਬਰ ਦੀ ਦਲੇਰੀ ਕਾਰਨ ਗੁਰਦੁਆਰੇ ਤੇ ਕਬਜਾ ਹੋ ਗਿਆ ।[7] 5 ਅਕੂਤਬਰ, 1920 ਨੂੰ ਇਕ ਵਡਾ ਦੀਵਾਨ ਹੋਇਆ । ਗੁਰਦੁਆਰੇ ਦੇ ਪ੍ਰਬੰਧ ਲਈ 13 ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ । ਅਗਲੇ ਦਿਨ 6 ਅਕਤੂਬਰ ਨੂੰ ਡਵੀਜ਼ਨ ਦਾ ਕਮਿਸ਼ਨਰ ਕਿੰਗ ਸਿਆਲਕੋਟ ਆਇਆ । ਉਸ ਨੇ ਨੌ ਪ੍ਰਮੁਖ ਸਿੱਖਾਂ ਦੇ ਵਫਦ ਨੂੰ ਕਿਹਾ : "ਸਰਕਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣਾ ਨਹੀਂ ਚਾਹੁੰਦੀ ਅਤੇ ਉਹ ਆਪਣੇ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਆਜ਼ਾਦ ਹਨ । ਪਰ ਜਿਥੋਂ ਤਕ ਜਾਗੀਰ ਤੇ ਜ਼ਮੀਨ ਦੀ ਆਮਦਨ ਦਾ ਸੰਬੰਧ ਹੈ-ਇਹ ਉਨ੍ਹਾਂ ਚਿਰ ਸਰਕਾਰ ਪਾਸ ਅਮਾਨਤ ਦੇ ਤੌਰ ਤੇ ਰਹੇਗੀ ਜਦੋਂ ਤਕ ਕਿ ਦੋਵੇ ਪਾਰਟੀਆਂ ਕੋਈ ਸਮਝੋਤਾ ਨਹੀਂ ਕਰ ਲੈਂਦੀਆਂ ।"[8]

ਸਰਕਾਰ ਦੀ ਇਸ ਨੀਤੀ ਤੇ ਟਿਪਣੀ ਕਰਦੇ ਹੋਏ ਸੋਹਨ ਸਿੰਘ ਜੋਸ਼ ਲਿਖਦੇ ਹਨ, "ਇਸ ਗਲਬਾਤ ਵਿਚੋਂ ਤਿੰਨ ਗੱਲਾਂ ਖਾਸ ਧਿਆਨ ਮੰਗਦੀਆਂ ਹਨ । ਇਕ ਇਹ ਕਿ ਸਿੱਖਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਆਜਾਦੀ ਨਾਲ ਕਰਨ ਅਤੇ ਇਨ੍ਹਾਂ ਵਿਚ ਦਖਲ ਨਾ ਦੇਣ ਦੀ ਸਰਕਾਰੀ ਗੱਲ ਰਿਆਕਾਰਨਾ ਤੇ ਝੂਠੀ ਸੀ ਜਿਹੜੀ ਕਿ ਸਿੱਖਾਂ ਨੂੰ ਠੰਡੇ ਤੇ ਅਵੇਸਲੇ ਕਰਨ ਲਈ ਕੀਤੀ ਗਈ ਸੀ, ਦੂਜੀ ਇਹ ਕਿ 'ਦੋਹਾਂ ਪਾਰਟੀਆਂ ਦੀ ਗੱਲ ਕਰਨਾ ਅਸਲ ਵਿਚ

ਆਪਣੇ ਦੱਖਲ ਦੀ ਲੱਤ ਅੜਾਈ ਰਖਣਾ ਸੀ ਅਤੇ ਚਲਕੇ ਅਸੀਂ ਵੇਖਾਂਗੇ ਕਿ ਇਹ 'ਦੋ ਪਾਰਟੀਆਂ (ਕੱਦ ਤਿੰਨ ਪਾਰਟੀਆਂ) ਗੁਰਦੁਆਰਾ ਆਜ਼ਾਦੀ ਦੀ ਤਹਿਰੀਕ ਦੇ ਅਖੀਰ ਤਕ ਚਲਦੀਆਂ ਰਹਿੰਦੀਆਂ ਹਨ । ਇਸ ਦੇ ਅਰਥ ਦੂਜੀ ਜਾਂ ਤੀਜੀ ਪਾਰਟੀ ਨੂੰ ਖੜਾ ਰਖਕੇ ਫੁਟ ਪਾ ਕੇ ਕਾਨਾ ਟਿੰਡ ਵਿਚ ਪਾਈ ਰਖਣਾ ਸੀ । ਅਤੇ ਤੀਜੀ ਇਹ ਕਿ ਗੁਰਦੁਆਰਿਆਂ ਦੀ ਆਮਦਨ ਦਾ ਕੋਈ ਪੈਸਾ ਪਰਬੰਧਕ ਕਮੇਟੀਆਂ ਪਾਸ ਨਾ ਜਾਣ ਦਿਓ ਕਿਉਂਕਿ ਇਸ ਵਰਤੋਂ ਨਾਲ ਸਿੱਖ ਜਥੇਬੰਦੀ ਤੇ ਗੁਰਦੁਆਰਾ ਤਹਿਰੀਕ ਜ਼ੋਰ ਪਕੜਨਗੀਆਂ ਅਤੇ ਇਨ੍ਹਾਂ ਦਾ ਮਜ਼ਬੂਤ ਹੋਣਾ ਸਰਕਾਰ ਦੇ ਹਿਤਾਂ ਦੇ ਵਿਰੁੱਧ ਜਾਵੇਗਾ ।"[9]

ਜਿਹੜੇ ਦੋਸ਼ ਸਿੱਖ ਸੁਧਾਰਕ ਗੰਡਾ ਸਿੰਘ ਦੇ ਪਤਤ ਹੋਣ ਤੇ ਚਾਲ ਚਲਨ ਬਾਰੇ ਲਗਾਉਂਦੇ ਸਨ ਉਹ ਪਿਛੋਂ ਸਰਕਾਰੀ ਹਾਕਮਾਂ ਨੇ ਆਪਣੀਆਂ ਗੁਪਤ ਰਿਪੋਰਟਾਂ ਵਿਚ ਸਭ ਮੰਨੇ । ਇਹ ਦੋਸ਼ ਉਨ੍ਹਾਂ ਨੇ ਗੁਰਦੁਆਰੇ ਦੇ ਸਿੱਖਾਂ ਦੇ ਕਬਜ਼ੇ ਵਿਚ ਆਉਣ ਤੋਂ ਪਿਛੋਂ ਮੰਨੇ । ਇਕ ਰਿਪੋਰਟ ਵਿਚ ਕਿੰਗ, ਮੁੱਖ ਸਕੱਤਰ ਪੰਜਾਬ ਅਕਾਲੀ ਲਹਿਰ ਦੇ ਇਤਿਹਾਸ ਦੀ ਪੁਣ-ਛਾਣ ਕਰਕੇ ਲਿਖਦਾ ਹੈ : -

"ਗੁਰਦੁਆਰਾ ਕਮੇਟੀ ਨੇ ਤਾਂ ਆਪਣੇ ਦਾਬਵੇ ਹੀ ਸਿਵਲ ਅਦਾਲਤਾ ਵਿਚ ਮੁਕੱਦਮੇ ਕਰਕੇ ਸਾਬਤਸ ਕੀਤੇ ਅਤੇ ਨਾ ਅਸਲ ਕਾਬਜ਼ਾਂ ਦੇ ਦਾਅਵਿਆਂ ਨੂੰ ਹੀ ਗਲਤ ਸਾਬਤ ਕੀਤਾ । ਗੁਰਦੁਆਰਿਆਂ ਉਤੇ ਕਬਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਏ । ਪਰ ਉਸ ਦੌਰ ਦੇ ਵੇਲੇ ਤੋਂ ਰਫਤਾਰ ਬੜੀ ਤੇਜ ਹੋ ਗਈ । ਸਭ ਤੋਂ ਪਹਿਲਾਂ ਕੇਸ, ਜਿਥੇ ਗੜਬੜ ਹੋਈ, ਬਾਬੇ ਦੀ ਬੇਰ ਦਾ ਸੀ । (ਮਹੰਤ ਨਾਬਾਲਗ, ਟਰਸਟੀ ਗੰਡਾ ਸਿੰਘ-ਵਿਸ਼ੱਈ ਆਦਮੀ, ਅਤੇ ਸਿੱਖ ਧਰਮ ਤੋਂ ਪਤਤ) ਸਿੱਖਾਂ ਨੇ ਕੁਛ ਸਾਲ ਪਹਿਲੋਂ ਇਸ ਦੇ ਹਾਸਲ ਕਰਨ ਲਈ ਸਿਵਲ ਮੁਕੱਦਮਾ ਕੀਤਾ ਅਤੇ ਚੀਫ ਕੋਰਟ ਤਕ ਲੜਿਆ ਅਤੇ ਏਥੇ ਆ ਕੇ ਇਕ ਤਕਨੀਕੀ ਕਾਰਣ ਕਰਕੇ ਖਤਮ ਹੋ ਗਿਆ । ਮਹੰਤ ਨੂੰ ਕਢਣ ਲਈ ਸਿਵਲ ਅਦਾਲਤ ਵਿਚ ਇਕ ਹੋਰ ਮੁਕੱਦਮਾ ਕੀਤਾ ਅਤੇ ਕੁਝ ਕਾਰਵਾਈ ਦੇ ਦੌਰਾਨ ਮੁੱਕਦਮਾ ਦੂਸਰੀ ਅਦਾਲਤ ਵਿਚ ਤਬਦੀਲ ਕਰਨ ਲਈ ਅਰਜ਼ੀ ਦਿਤੀ ਗਈ । ਇਹ ਦਰਖਾਸਤ ਰੱਦ ਕਰ ਦਿਤੀ ਗਈ ਅਤੇ ਸਿੱਖਾਂ ਨੂੰ ਆਖਿਆ ਗਿਆ ਕਿ ਬਾਰਾਂ ਸੌ ਰੁਪਏ ਕੋਰਟ ਫੀਸ ਲਾਉਣ ਲਈ ਅਦਾ ਕਰੋ । ਸਿੱਖਾਂ ਨੂੰ ਇਹ ਰੁਪਇਆ ਲਾਉਣ ਤੋਂ ਇਨਕਾਰ ਕਰ ਦਿਤਾ । ਸਿਵਲ ਮੁਕੱਦਮੇਬਾਜੀ ਦੀ ਅਸਫਲਤਾ ਦਾ ਇਹਨਾਂ ਕੇਸਾਂ ਪਿਛੋਂ ਲੜਾਈ ਦੇ ਲਾਕਾਨੂੰਨ ਤਰੀਕੇ ਅਪਨਾਏ ਜਾਣ ਵਿਚ ਬੜਾ ਹੱਥ ਹੈ ।...ਸਿਆਲਕੋਟ ਦੇ ਮੁਕਾਸੀ ਸਿੱਖਾਂ ਨੇ ਸੁਧਾਰਕਾਂ ਦੀ ਮਦਦ ਹਾਸਲ ਕਰਕੇ ਸਤੰਬਰ ਦੇ ਅਖੀਰ ਜਾਂ ਅਕਤੂਬਰ ਦੇ ਸ਼ੁਰੂ ਵਿਚ ਗੁਰਦੁਆਰਾ ਬਾਬੇ ਦੀ ਬੇਰ ਉਤੇ ਕਬਜ਼ਾ ਕਰ ਲਿਆ ।"[10]

9 ਅਕਤੂਬਰ,1920 ਰਾਤ ਵੇਲੇ ਝੱਬਰ ਜੀ ਖੁਸ਼ਾਲਪੁਰ ਪੁਜੇ । ਅਗਲੇ ਦਿਨ ਤੇਜਾ ਸਿੰਘ ਚੂਹੜਕਾਣਾ, ਤੇਜਾ ਸਿੰਘ ਭੁਚਰ, ਪੰਡਤ ਰਾਮ ਭਜ ਅਤੇ ਹੋਰ ਭੀ ਹਿੰਦੂ ਮੁਸਲਮਾਨ ਕਾਂਗ੍ਰਸੀ ਨੇਤਾ ਪੁਜੇ । 11 ਅਕਤੂਬਰ ਨੂੰ ਸਰਦਾਰ ਵਧਾਵਾ ਸਿੰਘ ਨੰਬਰਦਾਰ ਨੇ ਨੰਬਰਦਾਰੀ ਛੱਡ ਦਿਤੀ । ਉਸ ਦਿਨ ਲੋਕਾਂ ਦੀ ਬਹੁਤ ਭੀੜ ਸੀ । ਦੋ ਵਜੇ ਦੇ ਲਗ ਭਗ ਝੱਬਰ ਅਤੇ ਤੇਜਾ ਸਿੰਘ ਚੂਹੜਕਾਣੇ ਨੇ ਆਪਣੀ ਬਣਾਈ ਹੋਈ ਰਾਜਨੀਤਕ ਕਵਿਤਾ ਪੜੀ । ਪੰਜਾਬ ਕੌਂਸਲ ਦੀ ਨਵੀ ਚੋਣ ਨੇੜੇ ਸੀ ਅਤੇ ਕਾਂਗਰਸ ਨੇ ਨਾਂ ਮਿਲਵਰਤਨ ਦਾ ਐਲਾਨ ਕੀਤਾ ਸੀ । ਕਵਿਤਾ ਦਾ ਭਾਵ ਤੇ ਧਰਨਾ ਇਹ ਸੀ :

ਮੁਸਲਮਾਨਾਂ ਦਾ ਮੱਕਾ ਖੋਹ ਲਿਆ, ਸਿੱਖਾਂ ਦਾ ਦਰਬਾਰ-ਪਰਚੀ ਨਹੀਂ ਦੇਣੀ
ਰਕਾਬ ਗੰਜ ਦੀ ਕੰਧ ਜੋ ਢਾਹੀ ਬਨਣ ਨਾ ਦੇ ਸਰਕਾਰ, ਪਰਚੀ ਨਹੀਂ ਦੇਣੀ ...
ਚਤਰ ਸਿੰਘ ਨੂੰ ਪਿੰਜਰੇ "ਪਾਇਆ ਛੱਡਦੀ ਨਹੀਂ ਸਰਕਾਰ , ਪਰਚੀ ਨਹੀਂ ਦੇਣੀ . ....

ਇਸ ਕਵਿਤਾ ਦੇ 12 ਮਿਸਰੇ ਸਨ । ਜਦੋਂ ਝੱਬਰ ਤੇ ਤੇਜਾ ਸਿੰਘ ਚੂਹੜਕਾਣੀਏ ਨੇ ਉਚੀ ਆਵਾਜ ਵਿਚ ਇਹ ਕਵਿਤਾ ਪੜ੍ਹੀ ਤਾਂ ਨੇਤਾਵਾਂ ਅਤੇ ਲੋਕਾਂ ਤੇ ਬਹੁਤ ਪ੍ਰਭਾਵ ਪਿਆ ।[11] ਗੁਰਦੁਆਰਾ ਸੁਧਾਰ ਦੇ ਨੇਤਾਵਾਂ ਦੇ ਨਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਭਾਗ ਲੈਣਾ ਇਸ ਤੱਥ ਨੂੰ ਪ੍ਰਮਾਣਿਤ ਕਰਦਾ ਹੈ ਕਿ ਗੁਰਦੁਆਰੇ ਸੁਧਾਰ ਲਈ ਲਹਿਰ ਭਾਰਤੀ ਸੁਤੰਤਰਤਾ ਸੰਗਰਾਮ ਦਾ ਹੀ ਇਕ ਅੰਗ ਸੀ ।

1. Teja Singh, The Gurdwara Reform Movement and the Sikh Awakening, P. 86.
2. Teja Singh, The Gurdwara Reform Movement and the Sikh Awakening, P. 86
3. ਨੈਰਣ ਸਿੰਘ (ਸੰ), ਅਕਾਲੀ ਮੋਰਚੇ ਤੇ ਝੱਬਰ ਪੰਨਾ 56
4. Ganda Singh (ed), Bhagat Lakshman Singh , Autobiography, P. 123.
5. ਤੇਜਾ ਸਿੰਘ ਉਕਤ, ਪੰਨਾ . 88-93
6. ਸੋਹਨ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ , ਪੰਨਾ . 3●
7. ਨਰੈਣ ਸਿੰਘ (ਸੰ), ਅਕਾਲੀ ਮੋਰਚੇ ਤੇ ਝੱਬਰ , ਪੰ. 55
8. ਤੇਜਾ ਸਿੰਘ ਉਕਤ, ਪੰ. 95
9. ਸੋਹਨ ਸਿੰਘ ਜੋਸ਼ ਉਕਤ ਪੰ. 33
10. C. M. Kings, report as effg. Chief Secretary to the Govt of India-Home . Dated 26 March, 1921.
11. ਨਰੈਣ ਸਿੰਘ ਉਕਤ, ਪੰ. 59